Scottish Social Services Council

ਸੋਸ਼ਲ ਵਰਕਰਾਂ ਅਤੇ ਰੁਜ਼ਗਾਰ ਮਾਲਕਾਂ ਲਈ ਅਭਿਆਸ ਸੰਹਿਤਾ

2024

ਸੋਸ਼ਲ ਵਰਕਰਾਂ ਅਤੇ ਰੁਜ਼ਗਾਰ ਮਾਲਕਾਂ ਲਈ ਅਭਿਆਸ ਸੰਹਿਤਾ

SSSC ਦੀ ਅਭਿਆਸ ਸੰਹਿਤਾ (ਸੰਹਿਤਾ) ਹੇਠ ਲਿਖੇ ਗਏ ਸਥਾਪਿਤ ਕਰਦੀ ਹੈ:

- ਉਹ ਸਾਰੇ ਜਿਹੜੇ ਸੋਸ਼ਲ ਸਰਵਿਸੀਜ਼ ਸਕਾਟਲੈਂਡ ਵਿਖੇ ਕੰਮ ਕਰਦੇ ਹਨ ਉਨ੍ਹਾਂ ਤੋਂ ਉਮੀਦ ਕੀਤੇ ਜਾਣ ਵਾਲੇ ਅਭਿਆਸ ਅਤੇ ਵਿਹਾਰ ਦੇ ਮਿਆਰਾਂ

- ਉਹ ਮਿਆਰਾਂ ਜਿਨ੍ਹਾਂ ਦੀ ਰੁਜ਼ਗਾਰ ਦੇ ਮਾਲਕਾਂ ਤੋਂ ਉਮੀਦ ਕੀਤੀ ਜਾਂਦੀ ਹੈ।

ਸੰਹਿਤਾ (ਕੋਡਜ਼) ਬਾਰੇ

ਇਹ ਕੋਡਜ਼ (ਸੰਹਿਤਾਵਾਂ) ਉਨ੍ਹਾਂ ਵਿਅਕਤੀਆਂ (ਲੋਕੀ ਜੋ ਸੋਸ਼ਲ ਸਰਵਿਸੀਜ਼ ਦੀ ਵਰਤੋਂ ਕਰਦੇ ਹਨ) ਜਾਣਦੇ ਹਨ ਕਿ ਉਹ ਕਰਮਚਾਰੀਆਂ ਤੋਂ ਕੀ ਉਮੀਦ ਕਰ ਸਕਦੇ ਹਨ ਜੋ ਉਨ੍ਹਾਂ ਦੀ ਮਦਦ ਕਰਦੇ ਹਨ। ਇਹ ਰੁਜ਼ਗਾਰ ਮਾਲਕਾਂ ਅਤੇ ਕਰਮਚਾਰੀਆਂ ਦੀ ਵੀ ਮਦਦ ਕਰਦੇ ਹਨ ਕਿ ਉਹ ਅਭਿਆਸ ਦਾ ਲਗਾਤਾਰ ਕਿਵੇਂ ਸੁਧਾਰ ਕਰ ਸਕਦੇ ਹਨ। ਦੋ ਤਰਾਂ ਦੇ ਕੋਡਜ਼ ਦੋਵੇਂ ਰੁਜ਼ਗਾਰ ਮਾਲਕਾਂ ਅਤੇ ਕਰਮਚਾਰੀਆਂ ਦੀਆਂ ਜਿੰਮੇਵਾਰੀਆਂ ਨੂੰ ਮਿਆਰਾਂ ਨੂੰ ਪੂਰਾ ਕਰਨ ਲਈ ਇਕੋ ਜਿਹਾ ਦਰਸ਼ਾਂਦੇ ਹਨ।

ਅਸੀਂ ਪਹਿਲੀ ਵਾਰ ਕੋਡਜ਼ ਨੂੰ 2003 ਪ੍ਰਕਾਸ਼ਿਤ ਕੀਤਾ ਸੀ, ਜੋ ਵਿਹਾਰ ਅਤੇ ਅਭਿਆਸ ਲਈ ਰਾਸ਼ਟਰੀ ਮਿਆਰਾਂ ਨੂੰ ਸਥਾਪਿਤਾ ਕੀਤਾ ਸੀ ਜੋ
ਸਾਰੇ ਸੋਸ਼ਲ ਸਰਵਿਸ ਦੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਰੁਜ਼ਗਾਰ ਦੇ ਮਾਲਕਾਂ ਤੇ ਲਾਗੂ ਹੁੰਦੇ ਹਨ।
ਇਹ 2024 ਕੋਡਜ਼ ਦਾ ਸੰਸ਼ੋਧਨ ਤੀਜਾ ਸੰਸਕਰਨ ਹੈ ਅਤੇ ਪਿਛਲੇ ਸਾਰੇ ਸੰਸਕਰਨਾਂ ਦੀ ਥਾਂ ਲੈਂਦਾ ਹੈ (2016 ਅਤੇ 2003).

ਸੋਸ਼ਲ ਸਰਵਿਸ ਵਰਕਰਾਂ ਲਈ ਕੋਡਜ਼

ਸੋਸ਼ਲ ਸਰਵਿਸ ਵਰਕਰਾਂ ਲਈ ਕੋਡ ਸੋਸ਼ਲ ਸਰਵਿਸੀਜ਼ ਵਿਚ ਕੰਮ ਕਰ ਰਹੇ ਹਰੇਕ ਲਈ ਸਾਫ਼ ਤੌਰ ਤੇ ਸਥਾਪਿਤ ਮਿਆਰਾਂ ਨੂੰ ਪੂਰਾ ਕਰਨ ਦੀ ਉਮੀਦ ਰਖਦਾ ਹੈ। ਮਿਆਰਾਂ ਨੂੰ ਪੂਰਾ ਕਰਨ ਦੀ ਜਿੰਮੇਵਾਰੀ ਤੁਹਾਡੀ ਹੈ ਅਤੇ ਅਭਿਆਸ ਨੂੰ ਦਰਸ਼ਾਣ ਲਈ ਤੁਹਾਨੂੰ ਸੰਹਿਤਾ ਦੀ ਵਰਤੋਂ ਕੀਤੇ ਜਾਣ ਦੀ ਲੋੜ ਹੈ ਅਤੇ ਪਛਾਣ ਕੀਤੀ ਜਾਣੀ ਚਾਹੀਦੀ ਹੈ ਕਿ ਲਗਾਤਾਰ ਕਿਵੇਂ ਸੁਧਾਰ ਕੀਤਾ ਜਾਵੇ।

ਸੋਸ਼ਲ ਸਰਵਿਸ ਵਰਕਰਾਂ ਦੇ ਰੁਜ਼ਗਾਰ ਮਾਲਕਾਂ ਲਈ ਕੋਡ (ਸੰਹਿਤਾ)

ਸੋਸ਼ਲ ਸਰਵਿਸ ਦੇ ਕਰਮਚਾਰੀਆਂ ਦੇ ਰੁਜ਼ਗਾਰ ਮਾਲਕਾਂ ਲਈ ਰੁਜ਼ਗਾਰ ਮਾਲਕਾਂ ਦੀਆਂ ਜਿਮੌਂਵਾਰੀਆਂ ਨੂੰ ਸਥਾਪਿਤ ਕਰਦਾ ਹੈ ਜਿਸ ਨਾਲ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਕਰਮਚਾਰੀ ਭਰੋਸੇਮੰਦ, ਪ੍ਰਵੀਣ, ਆਤਮ-ਵਿਸ਼ਵਾਸੀ ਅਤੇ ਮਾਣ ਰੱਖਣ ਵਾਲੇ ਹਨ। ਇਕ ਰੁਜ਼ਗਾਰ ਮਾਲਕ ਹੋਣ ਦੇ ਨਾਤੇ ਤੁਹਾਨੂੰ ਕਰਮਚਾਰੀਆਂ ਨੂੰ ਸਮਰਥਨ ਦੇਣਾ ਚਾਹੀਦਾ ਹੈ ਜਿਸ ਉਨ੍ਹਾਂ ਮਿਆਰਾਂ ਨੂੰ ਹਾਸਲ ਕੀਤਾ ਜਾ ਸਕੇ ਜੋ ਸੋਸ਼ਲ ਸਰਵਿਸ ਵਰਕਰਾਂ ਦੀ ਸੰਹਿਤਾ ਵਿਚ ਸਥਾਪਿਤ ਹਨ ਅਤੇ ਸੰਹਿਤਾ ਦੇ ਦੋਵੇਂ ਭਾਗਾਂ ਨੂੰ ਲਗਾਤਾਰ ਸੁਧਾਰ ਦੇ ਔਜਾਰ ਦੇ ਤੌਰ ਤੇ ਵਰਤਨਾ ਚਾਹੀਦਾ ਹੈ।

ਸੰਹਿਤਾਵਾਂ ਜ਼ਰੂਰੀ ਕਿਉਂ ਹਨ?

ਕਰਮਚਾਰੀਆਂ ਲਈ ਸਰਬਜਨਕ ਸੁਰੱਖਿਆ ਅਤੇ ਨਿਯੰਤ੍ਰਣ ਕਰਨਾ

ਸਹਿੰਤਾਵਾਂ, ਜੋ ਸਿਹਤ ਅਤੇ ਸਮਾਜਕ ਦੇਖ-ਭਾਲ ਦੇ ਮਿਆਰਾਂ ਦੇ ਨਾਲ ਹੋਣ, ਉਹ ਦੇਖ-ਭਾਲ ਦੀ ਗੁਣਵਤਾ ਜਾਂ ਜੋ ਸਮਰਥਨ ਲੋਕੀ ਹਾਸਲ ਕਰਦੇ ਹਨ ਉਨ੍ਹਾਂ ਦੇ ਤਜਰਬੇ ਦਾ ਇਕ ਮਹੱਤਵਪੁਰਣ ਭਾਗ ਹਨ।

ਸਾਰੇ ਸੋਸ਼ਲ ਸਰਵਿਸ ਦੇ ਰੁਜ਼ਗਾਰ ਮਾਲਕ ਅਤੇ ਕਰਮਚਾਰੀ ਕੰਮ ਲਈ ਵਚਨਬੱਧਤਾ ਰਖਦੇ ਹਨ ਕਿ ਅਭਿਆਸ ਦੀ ਸੰਹਿਤਾ ਨਾਲ ਕੰਮ ਕੀਤਾ ਜਾਵੇ।

SSSC ਕਰਮਚਾਰੀਆਂ ਦਾ ਨਿਯੰਤ੍ਰਣ ਕਰਦੇ ਹਨ ਜਿਸ ਨਾਲ ਇਹ ਨਿਸ਼ਚਿਤਤ ਕੀਤਾ ਜਾ ਸਕੇ ਕਿ ਸਕਾਟਲੈਂਡ ਵਿਖੇ ਲੋਕੀ ਸੋਸ਼ਲ ਸਰਵਿਸੀਜ਼ ਤੇ ਭਰੋਸਾ ਕਰ ਸਕਨ ਜੋ ਭਰੋਸੇ, ਪ੍ਰਤਿਭਾਸ਼ਾਲੀ ਅਤੇ ਇਕ ਗੁਣਕਾਰੀ ਕਰਮਚਾਰੀਆਂ ਦਾ ਸਮੂਹ ਪੇਸ਼ ਕਰਦਾ ਹੈ।

ਇਕ ਕੇਅਰ ਇਨੰਸਪੈਕਟੋਰੇਟ ਉਨ੍ਹਾਂ ਸੰਗਠਨਾਂ ਨੂੰ ਸੰਚਾਲਿਤ ਕਰਦਾ ਹੈ ਜੋ ਰਜਿਸਟਰਡ ਕੇਅਰ ਪੇਸ਼ ਕਰਦੇ ਹਨ ਅਤੇ ਕਰਮਚਾਰੀਆਂ ਨੂੰ ਰੁਜ਼ਗਾਰ ਤੇ ਰਖਦੇ ਹਨ। ਦ ਕੇਅਰ ਇਨੰਸਪੈਕਟੋਰੇਟ ਸਲਾਹ ਪੇਸ਼ ਕਰਦਾ ਹੈ ਅਤੇ ਚੰਗੇ ਅਭਿਆਸ ਨੂੰ ਉਚਾਗਰ ਕਰਦਾ ਹੈ ਜਿਸ ਨਾਲ ਪੂਰੇ ਸੋਸ਼ਲ ਸਰਵਿਸੀਜ਼ ਵਿਚ ਮਿਆਰਾਂ ਦਾ ਸੁਧਾਰ ਹੋ ਸਕੇ।

ਜਦੋਂ ਇਕ ਰਜਿਸਟ੍ਰੈਂਟ ਉਨ੍ਹਾਂ ਮਿਆਰਾਂ ਨੂੰ ਪੂਰਾ ਨਹੀਂ ਕਰਦਾ ਹੈ ਜੋ ਸੰਹਿਤਾਵਾਂ ਵਿਚ ਸਥਾਪਿਤ ਹਨ, ਤਾਂ SSSC ਅਭਿਆਸ ਦੀ ਪ੍ਰਕ੍ਰਿਆ ਫਿਟਨੇਸ ਰਾਹੀਂ ਕਾਰਵਾਈ ਕਰ ਸਕਦਾ ਹੈ। ਦ ਕੇਅਰ ਇਨੰਸਪੈਕਟੋਰੇਟ ਸੰਹਿਤਾਵਾਂ ਨੂੰ ਮੰਨਣ ਲਈ ਦੇਖਭਾਲ ਦੀ ਸੇਵਾ ਦੇ ਪ੍ਰਦਾਨਕਰਤਾਵਾਂ ਨੂੰ ਸਲਾਹ ਦੇ ਸਕਦਾ ਹੈ ਅਤੇ, ਜੇਕਰ ਜ਼ਰੂਰੀ ਹੋਇਆ, ਕਰਮਚਾਰੀਆਂ ਦੇ ਖਿਲਾਫ਼ ਕਾਰਵਾਈ ਕਰ ਸਕਦਾ ਹੈ ਜੋ ਉਮੀਦ ਕੀਤੇ ਜਾਣ ਵਾਲੇ ਮਿਆਰਾਂ ਨੂੰ ਪੂਰਾ ਨਹੀਂ ਕਰਦੇ ਹਨ।

ਚੰਗੇ ਅਭਿਆਸਾਂ ਨੂੰ ਹਰ ਰੋਜ਼ ਸਮਰਥਨ ਦੇਣਾ

ਸੰਹਿਤਾਵਾਂ (ਕੋਡਜ਼) ਲਗਾਤਾਰ ਸੁਧਾਰ ਅਤੇ ਅਭਿਆਸ ਦੇ ਸੁਧਾਰ ਵਿਚ ਇਕ ਔਜਾਰ ਹਨ। ਮਿਸਾਲ ਦੇ ਤੌਰ ਤੇ, ਤੁਸੀਂ ਹੇਠ ਲਿਖਿਆਂ ਰਾਹੀਂ ਉਹਨੂੰ ਵਰਤ ਸਕਦੇ ਹੋ:

- ਟੀਮ ਮੀਟਿੰਗਸ ਤੇ ਨਿਰੰਤਰ ਕੋਡਜ਼ ਬਾਰੇ ਗੱਲਬਾਤ ਨੂੰ ਸਮਰਥਨ ਦੇਣਾ
- ਭਰਤੀ ਦੌਰਾਨ ਅਤੇ ਕਰਮਚਾਰੀਆਂ ਦੀ ਸਿਖਲਾਈ ਅਤੇ ਵਿਕਾਸ ਲਈ
- ਜਿਸ ਨਾਲ ਮੌਜੂਦਾ ਅਭਿਆਸ ਨੂੰ ਦਰਸ਼ਿਆ ਜਾ ਸਕੇ।

ਸੰਹਿਤਾਵਾਂ ਅਤੇ SSSC ਹੋਰ ਜਾਣਨ ਲਈ ਇਥੇ ਦੇਖੋt **www.sssc.uk.com**

ਸੋਸ਼ਲ ਸਰਵਿਸ ਵਰਕਰਸ ਕੋਡ ਆਵ ਪ੍ਰੈਕਟਿਸ

1 ਮੈਨੂੰ ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਦੇ ਹੱਕਾਂ ਅਤੇ ਹਿੱਤਾਂ ਦੀ ਸੁਰੱਖਿਆ ਅਤੇ ਇਨ੍ਹਾਂ ਨੂੰ ਉਜਾਗਰ ਕਰਨਾ ਹੈ।	
ਇਕ ਕਰਮਚਾਰੀ ਦੇ ਤੌਰ ਤੇ ਮੈਂ ਹੇਠ ਲਿਖੇ ਕਰਾਂਗਾ	
1.1	ਨਰਮ-ਦਿਲੀ, ਰਹਿਮ ਅਤੇ ਮਾਣ ਨਾਲ ਕੰਮ ਕਰਾਂਗਾ ਅਤੇ ਹਰੇਕ ਵਿਅਕਤੀ ਨੂੰ ਅਪੂਰਵ ਮੰਨੀਏ।
1.2	ਹੱਕਾਂ ਦਾ ਆਦਰ ਕਰੋ ਅਤੇ, ਜਿਥੇ ਉਚਿਤ ਹੋਵੇ ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਦੇ ਉਚਿਤ ਵਿਚਾਰਾਂ, ਇੱਛਾਵਾਂ ਅਤੇ ਚੌਣਾਂ ਨੂੰ ਉਜਾਗਰ ਕਰੋ।
1.3	ਉਨ੍ਹਾਂ ਦੀ ਜਿੰਦਗੀ ਤੇ ਨਿਯੰਤ੍ਰਣ ਕਰਨ ਲਈ ਵਿਅਕਤੀਆਂ ਦੇ ਹੱਕਾਂ ਨੂੰ ਉਜਾਗਰ ਕਰੋ ਅਤੇ ਉਨ੍ਹਾਂ ਦੀ ਦੇਖ-ਭਾਲ ਜਾਂ ਸਮਰਥਨ ਕਰਨ ਬਾਰੇ ਜਾਣਕਾਰੀ ਵਾਲੀਆਂ ਚੌਣਾਂ ਨੂੰ ਬਣਾਉ।
1.4	ਉਨ੍ਹਾਂ ਦੇ ਪ੍ਰਾਥਮਿਕ ਤਰੀਕੇ ਅਤੇ ਭਾਸ਼ਾ ਵਿਚ ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨਾਲ ਗੱਲਬਾਤ ਕਰਨ ਲਈ ਕੰਮ ਕਰੋ।
1.5	ਵਿਅਕਤੀਆਂ ਦੀਆਂ ਹੈਸਿਅਤ ਅਤੇ ਗੋਪਨੀਅਤਾ ਦਾ ਆਦਰ ਕਰੋ ਅਤੇ ਇਨਾਂ ਨੂੰ ਕਾਇਮ ਰੱਖੋ.
1.6	ਭਿੰਨਤਾ ਨੂੰ ਉਜਾਗਰ ਕਰਨਾ ਅਤੇ ਸਾਰੀਆਂ ਪਛਾਣਾਂ, ਕਦਰਾਂ ਅਤੇ ਸੰਸਕ੍ਰਿਤੀਆਂ ਦੀ ਇੱਜ਼ਤ ਕਰਨੀ।

2 ਮੈਨੂੰ ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨਾਲ ਭਰੋਸਾ ਅਤੇ ਆਤਮ-ਵਿਸ਼ਵਾਸ ਬਣਾਨਾ ਚਾਹੀਦਾ ਹੈ।	
ਇਕ ਕਰਮਚਾਰੀ ਦੇ ਤੌਰ ਤੇ ਮੈਂ	
2.1	ਸੱਚਾਈ ਕਹਾਂਗਾ, ਖੁਲ੍ਹਾਪਨ ਰਖਾਂਗਾ, ਇਮਾਨਦਾਰ ਅਤੇ ਭਰੋਸੇਮੰਦ ਹੋਵਾਂਗਾ।
2.2	ਆਦਰ, ਖੁਲ੍ਹੇਪਨ, ਸਹੀ ਅਤੇ ਸਿੱਧੇ ਤਰੀਕੇ ਨਾਲ ਗੱਲਬਾਤ ਕਰੋ।
2.3	ਗੁਪਤ ਜਾਣਕਾਰੀ ਦਾ ਆਦਰ ਕਰੋ ਅਤੇ ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨੂੰ ਨੀਤੀਆਂ ਨੂੰ ਸਾਫ਼ ਤਰੀਕੇ ਨਾਲ ਦੱਸੋ।
2.4	ਭਰੋਸੇਮੰਦ ਅਤੇ ਨਿਰਭਰਤਾ ਪੇਸ਼ ਕਰਨ ਵਾਲੇ ਬਣੇ ਰਹੋ।
2.5	ਕੰਮ ਦੀ ਵਚਨਬੱਧਤਾਵਾਂ, ਸਮਝੌਤਿਆਂ ਅਤੇ ਇੰਤਜਾਮਾਂ ਦਾ ਮਾਣ ਕਰੋ ਅਤੇ, ਜਦੋਂ ਇਹ ਕਰਨਾ ਮੁਮਕਿਨ ਹੋਵੇ, ਤਾਂ ਵਿਅਕਤੀਆਂ, ਦੇਖ-ਭਾਲ ਕਰਨ ਵਾਲਿਆਂ ਅਤੇ ਮੇਰੇ ਰੁਜ਼ਗਾਰ ਦੇ ਮਾਲਕ ਨੂੰ ਦੱਸੋ ਕਿਉਂ।
2.6	ਉਨ੍ਹਾਂ ਵਿਸ਼ਿਆਂ ਦਾ ਐਲਾਨ ਕਰੋ ਜੋ ਹਿੱਤ ਵਿਚ ਟਕਰਾਵ ਬਣਾਏ ਅਤੇ ਨਿਸ਼ਚਿਤ ਕਰੋ ਕਿ ਉਹ ਮੇਰੇ ਫੈਸਲੇ ਜਾਂ ਅਭਿਆਸ ਨੂੰ ਪ੍ਰੇਰਿਤ ਨਾ ਕਰਨ।
2.7	ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨਾਲ ਤੋਹਫਿਆਂ ਦੇ ਲੇਨ-ਦੇਨ ਬਾਰੇ ਨੀਤੀਆਂ ਅਤੇ ਪੱਧਤੀਆਂ ਨੂੰ ਦੇਖੋ।
2.8	ਵਿਅਕਤੀਆਂ, ਸਾਥੀ-ਕਰਮਚਾਰੀਆਂ ਜਾਂ ਦੇਖ-ਭਾਲ ਕਰਨ ਵਾਲਿਆਂ ਨਾਲ ਇਕ ਖੁਲ੍ਹੇਪਨ, ਸਕਾਰਾਤਮਕ ਸੰਬੰਧਾਂ ਅਤੇ ਵਿਵਸਾਇਕ ਹੱਦਾਂ ਨੂੰ ਬਣਾਉ ਜੋ ਉਨ੍ਹਾਂ ਦੇ ਗੌਰਵ, ਕਲਿਆਣ ਅਤੇ ਸੁਰੱਖਿਆ ਦਾ ਆਦਰ ਕਰੇ।

3 ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨੂੰ ਨੁਕਸਾਨ ਤੋਂ ਸੁਰੱਖਿਆ ਕਰਦੇ ਹੋਏ ਮੈਨੂੰ ਉਨ੍ਹਾਂ ਦਾ ਜਿਨਾਂ ਵੀ ਹੋ ਸਕੇ ਨੁਕਸਾਨ ਤੋਂ, ਕਲਿਆਣ ਅਤੇ ਸੁਤੰਤਰਤਾ ਨੂੰ ਉਜਾਗਰ ਕਰਨਾ ਚਾਹੀਦਾ ਹੈ।	
ਕਰਮਚਾਰੀ ਹੋਣ ਦੇ ਨਾਤੇ ਮੈਂ ਹੇਠ ਲਿਖੇ ਕਰਾਂਗਾ	
3.1	ਨੁਕਸਾਨ ਦੇਣ, ਚੁਨੌਤੀ ਦੇਣ ਦੇ ਇਲਜਾਮਾਂ ਨੂੰ ਰਿਪੋਰਟ ਕਰਨਾ ਅਤੇ ਕਿਸੇ ਵੀ ਖ਼ਤਰੇ, ਦੁਰਵਿਹਾਰ ਜਾਂ ਪੱਖਪਾਤੀ ਵਿਹਾਰ ਨੂੰ ਸਥਾਪਨਾ ਦੇ ਸਿਸਟਮ ਦੀ ਵਰਤੋਂ ਕਰ ਕੇ, ਉਚਿਤ ਸਮੇਂ ਦੀ ਮਿਆਦ ਵਿਚ, ਰਿਪੋਰਟ ਕਰਨਾ ਚਾਹੀਦਾ ਹੈ।
3.2	ਉਨ੍ਹਾਂ ਅਭਿਆਸਾਂ, ਪੱਧਤੀਆਂ ਅਤੇ ਨੀਤੀਆਂ ਮੰਨੋ ਜੋ ਮੈਨੂੰ ਅਤੇ ਦੂਜੇ ਲੋਕਾਂ ਨੂੰ ਕੰਮ ਤੇ ਸੁਰੱਖਿਅਤ ਰਹਿਣ ਲਈ ਤਿਆਰ ਕੀਤੀਆਂ ਗਈਆਂ ਹਨ।
3.3	ਮੇਰੇ ਰੁਜ਼ਗਾਰ ਦੇ ਮਾਲਕ ਨੂੰ, ਜਾਂ ਸੰਬੰਧਿਤ ਔਥੌਰਿਟੀ ਨੂੰ ਕਿਸੇ ਵੀ ਸ੍ਰੋਤ ਜਾਂ ਓਪਰੇਸ਼ਨਲ ਵਿਸ਼ੇ ਬਾਰੇ ਦੱਸਨਾ ਜੋ ਦੇਖ-ਭਾਲ ਅਤੇ ਸਮਰਥਨ ਪੇਸ਼ ਕਰਨ ਵਿਚ ਰੁਕਾਵਟ ਹੋਵੇ।
3.4	ਮੇਰੇ ਰੁਜ਼ਗਾਰ ਦੇ ਮਾਲਕ, ਜਾਂ ਸੰਬੰਧਿਤ ਔਥੌਰਿਟੀ ਨੂੰ ਦੱਸਨਾ, ਜਦੋਂ ਕਿਸੇ ਸਾਥੀ ਦਾ ਅਭਿਆਸ ਕਰਨ ਦੇ ਸੰਬੰਧ ਵਿਚ ਖ਼ਰਾਬੀ ਹੋਵੇ।
3.5	ਮੇਰੇ ਰੁਜ਼ਗਾਰ ਦੇ ਮਾਲਕ, ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨਾਲ ਖੁਲ੍ਹਾਪਨ ਅਤੇ ਇਮਾਨਦਾਰੀ ਹੋਵੇ ਜਦੋਂ ਅਭਿਆਸ ਕਰਨ ਨਾਲ ਨੁਕਸਾਨ ਹੋਇਆ ਹੋਵੇ।
3.6	ਅਭਿਆਸ ਲਈ ਮੇਰੀ ਫਿਟਨੈਸ ਜਾਂ ਦੂਜਿਆਂ ਦੀ ਫਿਟਨੈਸ ਦੇ ਸੰਬੰਧ ਵਿਚ ਮੇਰੇ ਰੁਜ਼ਗਾਰ ਦੇ ਮਾਲਕ, SSSC ਜਾਂ ਸੰਬੰਧਿਤ ਔਥੌਰਿਟੀ ਰਾਹੀਂ ਕੀਤੀ ਜਾ ਰਹੀ ਜਾਂਚ ਵਿਚ ਸਹਿਯੋਗ ਦੇਣਾ। ਇਸ ਵਿਚ ਸ਼ਾਮਲ ਹੋ ਸਕਦੇ ਹਨ ਸੁਣਵਾਈ ਤੇ ਪੇਸ਼ ਹੋਣਾ ਅਤੇ ਗਵਾਹੀ ਦੇ ਬਿਆਨ, ਜਾਂ ਦਸਤਾਵੇਜ਼ ਜਾਂ ਦੂਜੀ ਜਾਣਕਾਰੀ ਨਿਰਧਾਰਿਤ ਸਮੇਂ ਦੇ ਅੰਦਰ ਦੇਣਾ।
3.7	ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨਾਲ ਕੰਮ ਕਰਨਾ ਵਿਚਾਰ ਬਾਰੇ ਜਵਾਬ ਦੇਣ ਅਤੇ ਲੈਣ, ਚਿੰਤਾਵਾਂ ਅਤੇ ਸ਼ਿਕਾਇਤਾਂ ਨੂੰ ਉਜਾਗਰ ਕਰਨਾ, ਇਨ੍ਹਾਂ ਨੂੰ ਗੰਭੀਰਤਾ ਨਾਲ ਲੈਣਾ ਅਤੇ ਇਨ੍ਹਾਂ ਤੇ ਕਾਰਵਾਈ ਕਰਨੀ।
3.8	ਵਿਅਕਤੀਆਂ, ਦੇਖ-ਭਾਲ ਕਰਨ ਵਾਲਿਆਂ ਅਤੇ ਸਾਥੀਆਂ ਨਾਲ ਜਦੋਂ ਕੰਮ ਕਰ ਰਿਹਾ ਹੋਵਾਂ ਤਾਂ ਸ਼ਕਤੀਆਂ ਅਤੇ ਹਕੂਮਤ ਨੂੰ ਜਿੰਮੇਵਾਰੀ ਨਾਲ ਵਰਤਨਾ ਜੋ ਮੇਰੇ ਕੋਲ ਹੈ।

4 ਮੈਨੂੰ ਇਹ ਪਛਾਣ ਕੀਤੇ ਜਾਣ ਦੀ ਲੋੜ ਹੈ ਕਿ ਵਿਅਕਤੀਆਂ ਨੂੰ ਦੇ ਕੋਲ ਜੋਖਿਮ ਲੈਣ ਦਾ ਹੱਕ ਹੈ ਅਤੇ ਉਨ੍ਹਾਂ ਖ਼ਤਰਿਆਂ ਨੂੰ ਸਮਝਣ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਨ ਲਈ ਉਨ੍ਹਾਂ ਨਾਲ ਮੈਂ ਕੰਮ ਕਰਾਂਗਾ।	
ਇਕ ਕਰਮਚਾਰੀ ਦੇ ਨਾਤੇ ਮੈਂ ਹੇਠ ਲਿਖੇ ਕਰਾਂਗਾ	
4.1	ਆਪਣੇ ਜਾਂ ਦੂਜਿਆਂ ਤੇ ਸੰਭਾਵਿਤ ਅਤੇ ਅਸਲ ਖ਼ਤਰਿਆਂ ਬਾਰੇ ਜਾਣਕਾਰੀ ਦੇਣ ਵਾਲੀਆਂ ਚੌਣ ਨੂੰ ਬਣਾਨ ਲਈ ਵਿਅਕਤੀਆਂ ਨਾਲ ਕੰਮ ਕਰਨਾ।
4.2	ਖ਼ਤਰੇ ਦੇ ਮੁਲਾਂਕਣ ਬਾਰੇ ਨੀਤੀਆਂ ਅਤੇ ਪੱਧਤੀਆਂ ਨੂੰ ਮੰਨ ਕੇ ਚਲਨਾ ਜਿਸ ਨਾਲ ਵਿਅਕਤੀਆਂ ਦੇ ਵਿਹਾਰ ਬਾਰੇ ਮੁੱਲਾਂਕਣ ਕੀਤਾ ਜਾ ਸਕੇ ਇਹ ਜਾਣਨ ਲਈ ਕਿ ਕੀ ਉਨ੍ਹਾਂ ਦਾ ਆਪਣੇ ਲਈ ਜਾਂ ਦੂਜਿਆਂ ਲਈ ਖ਼ਤਰਾ ਤਾਂ ਨਹੀਂ ਹੈ।
4.3	ਉਹ ਵਿਅਕਤੀ ਜੋ ਆਪ ਨੂੰ ਜਾਂ ਦੂਜਿਆਂ ਨੂੰ ਨੁਕਸਾਨ ਪਹੁੰਚਾਣ ਦੇ ਖ਼ਤਰੇ ਵਿਚ ਹਨ ਉਸ ਖ਼ਤਰੇ ਨੂੰ ਘੱਟ ਕਰਨ ਲਈ ਕਦਮ ਲੈਣੇ।
4.4	ਨਿਸ਼ਚਿਤ ਕਰਨਾ ਕਿ ਵਿਅਕਤੀ, ਸੰਬੰਧਿਤ ਸਾਥੀ ਅਤੇ ਏਜੰਸੀਆਂ ਨੂੰ ਖ਼ਤਰੇ ਦੇ ਮੁੱਲਾਂਕਣਾ ਬਾਰੇ ਕੀਤੀ ਭਾਲ ਅਤੇ ਇਨ੍ਹਾਂ ਦੇ ਅਸਰ ਬਾਰੇ ਜਾਣਕਾਰੀ ਦਿੱਤੀ ਜਾਵੇ।

5 ਮੇਰੇ ਕੰਮ ਦੀ ਗੁਣਵਤਾ ਬਾਰੇ ਮੇਰੀ ਜਿੰਮੇਵਾਰੀ ਹੈ ਅਤਚੇ ਮੇਰੇ ਗਿਆਨ ਅਤੇ ਪ੍ਰਬਲਤਾਵਾਂ ਨੂੰ ਕਾਇਮ ਰਖਣ ਅਤੇ ਸੁਧਾਰ ਕਰਨ ਬਾਰੇ ਜਿੰਮੇਵਾਰ ਹੋਵਾਂਗਾ।	
ਇਕ ਕਰਮਚਾਰੀ ਹੋਣ ਦੇ ਨਾਤੇ ਮੈਂ ਹੇਠ ਲਿਖੇ ਕਰਾਂਗਾ	
5.1	ਅਭਿਆਸ਼ ਦੀਆਂ ਸੰਬੰਧਿਤ ਮਿਆਰਾਂ ਨੂੰ ਪੂਰਾ ਕੀਤਾ ਜਾਵੇ ਅਤੇ ਕਾਨੂੰਨੀ, ਸੁਰੱਖਿਆ ਅਤੇ ਅਸਰਕਾਰਕ ਢੰਗ ਨਾਲ ਕੰਮ ਕਰਨਾ।
5.2	ਮੇਰੇ ਕੰਮ ਦੇ ਸੰਬੰਧ ਵਿਚ ਨੀਤੀਆਂ ਅਤੇ ਪੱਧਤੀਆਂ ਤੇ ਅਧੀਨ ਸਾਫ਼ ਤੌਰ ਤੇ, ਸਹੀ ਅਤੇ ਤਾਜਾ ਰਿਕਾਰਡ ਰਖਨਾ।
5.3	ਮੇਰੇ ਰੁਜ਼ਗਾਰ ਦੇ ਮਾਲਕ ਜਾਂ ਸੰਬੰਧਿਤ ਔਥੌਰਿਟੀ ਮੇਰੇ ਕਿਸੇ ਵੀ ਨਿਜੀ ਹਾਲਾਤਾਂ ਜਾਂ ਤਜਰਬਿਆਂ ਬਾਰੇ ਦਸਨਾ ਜੋ ਮੇਰੇ ਕੰਮ ਨੂੰ ਪ੍ਰਤਿਯੋਗੀ ਤੌਰ ਤੇ ਅਤੇ ਸੁਰੱਖਿਅਤ ਤੌਰ ਤੇ ਕਰਨ ਬਾਰੇ ਮੇਰੇ ਕਾਬਲਿਅਤ ਤੇ ਅਸਰ ਪਾਵੇ ਅਤੇ SSSC ਨੂੰ ਉਸ ਕਿਸੇ ਵੀ ਚੀਜ਼ ਬਾਰੇ ਦਸਨਾ ਜੋ ਅਭਿਆਸ ਬਾਰੇ ਮੇਰੀ ਫਿਟਨੈਸ ਬਾਰੇ ਅਸਰ ਪਾਵੇ।
5.4	ਮੇਰੇ ਰੁਜਗਾਰ ਦੇ ਮਾਲਕ ਜਾਂ ਸੰਬੰਧਿਤ ਔਥੌਰਿਟੀ ਤੋਂ ਸਮਰਥਨ ਬਾਰੇ ਪੁੱਛਣਾ, ਜੇਕਰ ਮੈਂ ਆਪਣੇ ਕੰਮ ਦੇ ਕਿਸੇ ਵੀ ਭਾਗ ਨੂੰ ਕਰਨਾ ਮਹਿਸੂਸ ਨਾ ਕਰਾਂ, ਜਾਂ ਚੰਗੀ ਤਰਾਂ ਕਰਨ ਲਈ ਤਿਆਰ ਨਹੀਂ ਹਾਂ ਜਾਂ ਜੇਕਰ ਮੈਨੂੰ ਇਹ ਨਹੀਂ ਪਤਾ ਹੈ ਕਿ ਮੈਂ ਕਿਵੇਂ ਅੱਗੇ ਵਧਾਂ।
5.5	ਮੇਰੇ ਵਿਕਾਸ, ਸਿਖਲਾਈ ਦੀਆਂ ਜ਼ਰੂਰਤਾਂ, ਕਲਿਆਣ ਅਤੇ ਅਭਿਆਸ ਨੂੰ ਦਰਸ਼ਾਣ ਲਈ ਨਿਗਰਾਨੀ ਦੀ ਤਿਆਰੀ ਕਰਨੀ ਅਤੇ ਉਸ ਨਾਲ ਸਕ੍ਰਿਅ ਰਹਿਣਾ।
5.6	ਮੇਰੇ ਜਾਰੀ ਰਹਿਣ ਵਾਲੀ ਵਿਵਸਾਇਕ ਸਿਖਲਾਈ ਨੂੰ ਕਾਇਮ ਰੱਖਣਾ ਜਿਸ ਨਾਲ ਮੇਰੇ ਗਿਆਨ ਅਤੇ ਪ੍ਰਬਲਤਾਵਾਂ ਵਿਚ ਸੁਧਾਰ ਹੋ ਸਕੇ ਅਤੇ ਦੂਜਿਆਂ ਦੀ ਸਿਖਿਆ ਅਤੇ ਵਿਕਾਸ ਵਿਚ ਯੋਗਦਾਨ ਹੋ ਸਕੇ।
5.7	ਕੰਮ ਦੇ ਸਾਥੀਆਂ ਅਤੇ ਦੂਜਿਆਂ ਨਾਲ ਸ਼ਮੁਲਿਅਤ ਵਿਚ ਸਹਿਯੋਗ ਕਰਨਾ ਅਤੇ ਖੁਲ੍ਹੇ ਤੌਰ ਨਾਲ ਕੰਮ ਕਰਨਾ ਅਤੇ ਉਨ੍ਹਾਂ ਨਾਲ ਆਦਰ ਨਾਲ ਪੇਸ਼ ਆਣਾ।
5.8	ਉਸ ਤਰੀਕੇ ਨਾਲ ਕੰਮ ਕਰਨਾ ਜਿਸਦਾ ਗਿਆਨ ਹੋਵੇ ਜਿਹਦੇ ਨਾਲ ਵਿਅਕਤੀਆਂ, ਦੇਖ-ਭਾਲ ਕਰਨ ਵਾਲਿਆਂ ਅਤੇ ਕੰਮ ਦੇ ਸਾਥੀਆਂ ਤੇ ਸਦਮੇ ਦੇ ਅਸਰ ਦੀ ਸਮਝ ਹੋਵੇ।
5.9	ਜੇ ਕੰਮ ਮੈਂ ਦੂਜਿਆਂ ਨੂੰ ਦਿੰਦਾ ਹੈ ਉਸ ਬਾਰੇ ਜਿੰਮੇਵਾਰ ਹੋਣਾ।
5.10	ਦੂਜੇ ਪੇਸ਼ੇ ਤੋਂ ਕੰਮ ਵਾਲੇ ਸਾਥੀਆਂ ਦੀ ਭੂਮਿਕਾਵਾਂ ਅਤੇ ਮਾਹਰ ਪ੍ਰਬਲਤਾਵਾਂ ਦੀ ਇੱਜ਼ਤ ਕਰਨਾ, ਜੋ ਵਖਰੇ ਵਿਵਸਾਇਕ ਕੋਡਜ਼ ਨੂੰ ਮੰਨਦੇ ਹੋਣ, ਅਤੇ ਉਨ੍ਹਾਂ ਨਾਲ ਸਾਝੇਦਾਰੀ ਨਾਲ ਕੰਮ ਕਰਨਾ।
5.11	ਦੇਖ-ਭਾਲ ਕਰਨ ਵਾਲਿਆਂ, ਪਰਿਵਾਰਾਂ ਅਤੇ ਦੂਜੇ ਸੰਬੰਧਿਤ ਲੋਕਾਂ ਦੀਆਂ ਭੂਮਿਕਾਵਾਂ, ਮਾਹਰ ਪ੍ਰਬਲਤਾਵਾਂ ਅਤੇ ਤਜਰਬਿਆਂ ਦੀ ਪਛਾਣ ਅਤੇ ਇੱਜ਼ਤ ਕਰਨੀ ਅਤੇ ਉਨ੍ਹਾਂ ਨਾਲ ਜਿਵੇਂ ਉਚਿਤ ਹੋਵੇ ਸਾਝੇਦਾਰੀ ਨਾਲ ਕੰਮ ਕਰਨਾ।
5.12	ਵਿਅਕਤੀਆਂ, ਦੇਖ-ਭਾਲ ਕਰਨ ਵਾਲਿਆਂ ਅਤੇ ਦੂਜਿਆਂ ਦੇ ਜਵਾਬੀ ਵਿਚਾਰਾਂ ਨੂੰ ਸੱਦਾ ਦੇਣਾ ਅਤੇ ਸੁਣਨਾ ਅਤੇ ਇਸ ਨੂੰ ਮੇਰੇ ਅਭਿਆਸ ਨੂੰ ਸੁਧਾਰ ਕਰਨ ਲਈ ਵਰਤਨਾਂ।

6 ਮੈਨੂੰ ਸਰਬਜਨਕ ਭਰੋਸਾ ਅਤੇ ਆਤਮ-ਵਿਸ਼ਵਾਸ ਨੂੰ ਪੁਸ਼ਟ ਕਰਨਾ।	
ਇਕ ਕਰਮਚਾਰੀ ਦੇ ਤੌਰ ਤੇ ਮੈਂ ਹੇਠ ਲਿਖੇ ਨਹੀਂ ਕਰਾਂਗਾ	
6.1	ਵਿਅਕਤੀਆਂ, ਦੇਖ-ਭਾਲ ਕਰਨ ਵਾਲਿਆਂ ਜਾਂ ਕੰਮ ਦੇ ਸਾਥੀਆਂ ਨਾਲ ਦੁਰਵਿਹਾਰ, ਨੁਕਸਾਨ ਜਾਂ ਸੋਸ਼ਣ ਕਰਾਂਗਾ।
6.2	ਵਿਅਕਤੀਆਂ, ਦੇਖ-ਭਾਲ ਜਾਂ ਕੰਮ ਦੇ ਸਾਥੀਆਂ ਦੇ ਭਰੋਸੇ ਨਾਲ ਦੁਰਵਿਹਾਰ ਕਰਨਾ, ਜਾਂ ਉਨ੍ਹਾਂ ਬਾਰੇ ਜੋ ਜਾਣਕਾਰੀ ਅਤੇ ਨਿਜੀ ਪਰਿਸਥਿਤੀਆਂ ਦੀ ਜਾਣਕਾਰੀ ਮੇਰੇ ਕੋਲ ਹੈ ਉਸਨੂੰ ਬੁਰੇ ਤਰੀਕੇ ਨਾਲ ਵਰਤਨਾ।
6.3	ਵਿਅਕਤੀਆਂ ਜਾਂ ਦੇਖ-ਭਾਲ ਕਰਨ ਵਾਲਿਆਂ ਦੇ ਨਾਲ ਗੈਰ-ਵਿਵਸਾਇਕ ਜਾਂ ਨੁਕਸਾਨ ਵਾਲੇ ਰਿਸ਼ਤੇ ਬਣਾਨਾ।
6.4	ਵਿਅਕਤੀਆਂ, ਦੇਖ-ਭਾਲ ਕਰਨ ਵਾਲਿਆਂ ਜਾਂ ਕੰਮ ਦੇ ਸਾਥੀਆਂ ਨਾਲ ਪੱਖਪਾਤਪੂਰਣ ਵਿਹਾਰ ਕਰਨਾ।
6.5	ਵਿਅਕਤੀਆਂ, ਦੇਖ-ਭਾਲ ਕਰਨ ਵਾਲਿਆਂ ਜਾਂ ਕੰਮ ਦੇ ਸਾਥੀਆਂ ਵਲੋਂ ਪੱਖਪਾਤ ਨੂੰ ਮਾਫ਼ ਕਰਨਾ।
6.6	ਮੈਨੂੰ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਖ਼ਤਰੇ ਵਿਚ ਪਾਣਾ।
6.7	ਕੰਮ ਤੇ ਜਾਂ ਕੰਮ ਤੋਂ ਬਾਹਿਰ, ਇਸ ਢੰਗ ਨਾਲ ਵਿਹਾਰ ਕਰਨਾ ਜੋ ਮੇਰੇ ਸੋਸ਼ਲ ਸਰਿਵਸ ਦੇ ਕੰਮ, ਜਿਹਦੇ ਬਾਰੇ ਪੁੱਛਿਆ ਜਾ ਰਿਹਾ ਹੈ, ਨਾਲ ਉਚਿਤ ਨਾ ਹੋਵੇ।

ਸੋਸ਼ਲ ਸਰਿਵਸ ਦੇ ਕਰਮਚਾਰੀਆਂ ਦੇ ਰੁਜ਼ਗਾਰ ਮਾਲਕਾਂ ਲਈ ਅਭਿਆਸ ਸੰਹਿਤਾ

1 ਇਸ ਗਲ ਨੂੰ ਨਿਸ਼ਚਿਤ ਕੀਤਾ ਜਾਵੇ ਕਿ ਜਿਨ੍ਹਾਂ ਲੋਕਾਂ ਨੂੰ ਤੁਸੀਂ ਭਰਤੀ ਕਰ ਰਹੇ ਹੋ ਉਹ ਬਤੌਰ ਸੋਸ਼ਲ ਸਰਵਿਸ ਵਰਕਰਾਂ ਲਈ ਉਚਿਤ ਹਨ ਅਤੇ ਉਹ ਆਪਣੀਆਂ ਭੂਮਿਕਾਵਾਂ ਅਤੇ ਜਿੰਮੇਵਾਰੀਆਂ ਦੀ ਸਮਝ ਰਖਦੇ ਹਨ।	
ਇਕ ਰੁਜ਼ਗਾਰ ਮਾਲਕ ਦੇ ਨਾਤੇ ਮੈਂ ਹੇਠ ਲਿਖੇ ਕਰਾਂਗਾ	
1.1	ਪੂਰੇ ਅਤੇ ਸੁਰੱਖਿਤ ਭਰਤੀ ਦੀਆਂ ਪ੍ਰਕ੍ਰਿਆਵਾਂ ਦੀ ਵਰਤੋਂ ਕਰੋ ਜਿਸ ਨਾਲ ਇਹ ਨਿਸ਼ਚਿਤ ਕੀਤਾ ਜਾਵੇ ਕਿ ਉਹ ਲੋਕੀ ਜਿਨ੍ਹਾਂ ਕੋਲ ਉਚਿਤ ਵਿਹਾਰ ਅਤੇ ਕਦਰਾਂ ਹਨ, ਅਤੇ ਜ਼ਰੂਰੀ ਗਿਆਨ ਅਤੇ ਪ੍ਰਬਲਤਾਵਾਂ ਨੂੰ ਹਾਸਲ ਕਰਨ ਦੀਆਂ ਸੰਭਾਵਨਾਵਾਂ ਹਨ, ਉਹ ਕਾਰਜਬਲ ਵਿਚ ਸ਼ਾਮਲ ਹੋਨ।
1.2	ਸੁਰੱਖਿਅਤ ਭਰਤੀ ਕਰਣ ਨਾਲ ਸੰਬੰਧਿਤ ਮਾਰਗ-ਦਰਸ਼ਨ ਤੇ ਚੱਲੋ ਜਿਸ ਨਾਲ ਜੁਰਮੀ ਰਿਕਾਰਡਸ, ਰਜਿਸਟਰਾਂ ਅਤੇ ਰੁਜ਼ਗਾਰ ਵਿਚ ਖਾਲੀ ਸਮੇਂ ਦੀ ਜਾਂਚ ਹੋ ਸਕੇ ਜੋ ਕਿ ਕਿਸੇ ਵਿਅਕਤੀ ਨੂੰ ਇਸ ਬਾਰੇ ਜਾਇਜਾ ਕੀਤਾ ਜਾਵੇ ਕਿ ਵਿਅਕਤੀ ਨੌਕਰੀ ਦਾ ਕੰਮ ਕਰ ਸਕਦਾ ਹੈ ਕਿ ਨਹੀਂ।
1.3	ਇਕ ਸਹੀਹ ਅਤੇ ਉਚਿਤ ਜਾਣਕਾਰੀ ਜਾਂ ਰੈਫ਼ਰੈਂਸ ਲਈ ਬੇਨਤੀ ਅਤੇ ਪੇਸ਼ ਕਰੋ ਜੋ ਵਿਅਕਤੀ ਦੀ ਕਿਸੇ ਨਿਸ਼ਚਿਤ ਭੂਮਿਕਾ ਵਿਚ ਕੰਮ ਕੀਤੇ ਜਾਣ ਦੀ ਕਾਬਲਿਅਤ ਨਾਲ ਸੰਬੰਧਿਤ ਹੋਵੇ।
1.4	ਕਰਮਚਾਰੀਆਂ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਜਿੰਮੇਵਾਰੀਆਂ ਬਾਰੇ ਸਾਫ਼ ਜਾਣਕਾਰੀ ਦਵੋ, ਜੋ ਉਨ੍ਹਾਂ ਨੂੰ ਆਪਣੇ ਕਾਨੂੰਨ ਅਤੇ ਨੀਤੀਆਂ ਅਤੇ ਪੱਧਤੀਆਂ ਨਾਲ ਸੰਬੰਧਿਤ ਕੰਮ ਵਿਚ ਮੰਨ ਕੇ ਚੱਲਣ ਦੀ ਜ਼ਰੂਰਤ ਹੋਵੇ।
1.5	ਕਰਮਚਾਰੀਆਂ ਨੂੰ ਲਾਈਨ ਮੈਨੇਜਮੰਟ, ਸੰਚਾਰ ਅਤੇ ਸਮਰਥਨ ਬਾਰੇ ਸਾਫ਼ ਜਾਣਕਾਰੀ ਪੇਸ਼ ਕਰਨੀ।

2 ਸੰਸਕ੍ਰਿਤੀ ਨੂੰ ਕਾਇਮ ਰਖਣਾ ਅਤੇ ਇਕ ਸਿਸਟਮ ਚਲ ਰਿਹਾ ਹੋਵੇ ਜਿਸ ਨਾਲ ਸੋਸ਼ਲ ਸਰਵਿਸ ਵਰਕਰਾਂ ਨੂੰ ਸਮਰਥਨ ਦਿੱਤਾ ਜਾ ਸਕੇ ਤਾਂਕਿ ਉਹ ਅਭਿਆਸ ਦੀ ਸੰਹਿਤਾ ਨੂੰ ਪੂਰਾ ਕਰਨ।	
ਇਕ ਰੁਜ਼ਗਾਰ ਮਾਲਕ ਦੇ ਤੌਰ ਤੇ ਮੈਂ ਹੇਠ ਲਿਖੇ ਕਰਾਂਗਾ	
2.1	ਕਰਮਚਾਰੀਆਂ ਨੂੰ ਉਸ ਢੰਗ ਨਾਲ ਨੇਤ੍ਰਿਤਵ, ਪ੍ਰਬੰਧਨ ਅਤੇ ਨਿਗਰਾਨੀ ਦੇਵਾਂਗੇ ਕਿ ਜੋ ਰਹਿਮ-ਦਿਲ ਅਤੇ ਨਰਮ-ਦਿਲੀ ਨੂੰ ਉਜਾਗਰ ਕਰੇ।
2.2	ਉਸ ਢੰਗ ਨਾਲ ਨੇਤ੍ਰਿਤਵ ਕਰਨਾ ਜਿਸ ਨਾਲ ਭਿੰਨਤਾ, ਸ਼ਮੂਲਿਅਤ ਅਤੇ ਬਰਾਬਰੀ ਨੂੰ ਮਾਣ ਦੇਣਾ ਅਤੇ ਵਿਅਕਤੀਗਤ ਹੱਕਾਂ ਦੀ ਹਿਮਾਇਤ ਕਰਨੀ।
2.3	ਕਰਮਚਾਰੀਆਂ ਦਾ ਨੇਤ੍ਰਿਤਵ ਇਸ ਢੰਗ ਨਾਲ ਕਰਨਾ ਜਿਸ ਨਾਲ ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲੇ, ਜਿਥੇ ਉਚਿਤ ਹੋਵੇ, ਉਨ੍ਹਾਂ ਦੀ ਦੇਖ-ਭਾਲ ਜਾਂ ਸਮਰਥਨ ਬਾਰੇ ਫੈਸਲੇ ਵਿਚ ਸ਼ਾਮਿਲ ਹੋਣਾ।
2.4	ਕਰਮਚਾਰੀਆਂ ਨੂੰ ਲਗਾਤਾਰ ਉਨ੍ਹਾਂ ਦੇ ਅਭਿਆਸ ਅਤੇ ਵਿਵਸਾਇਕ ਵਿਕਾਸ ਵਿਚ ਸੁਧਾਰ ਕੀਤੇ ਜਾਣ ਦਾ ਨੇਤ੍ਰਿਤਵ ਕਰਨਾ, ਜਦੋਂ ਕਿ ਅਭਿਆਸ ਦੇ ਫਿਟਨੈਸ ਨੂੰ ਨਿਸ਼ਚਿਤ ਕੀਤਾ ਜਾਣਾ ਹੋਵੇ।
2.5	ਇਕ ਖੁਲ੍ਹੇਪਨ ਦੀ ਸੰਸਕ੍ਰਿਤੀ ਨੂੰ ਉਜਾਗਰ ਕਰਨਾ ਜਿਥੇ ਕਰਮਚਾਰੀਆਂ ਨੂੰ ਨੈਤਿਕ ਅਭਿਆਸ ਅਤੇ ਵਿਵਸਾਇਕ ਸੀਮਾਵਾਂ ਬਾਰੇ ਗੱਲਬਾਤ ਕਰਨ ਵਿਚ ਸਮਰਥਨ ਦੇਣਾ ਹੋਵੇ।
2.6	ਇਕ ਇਹੋ ਜਿਹਾ ਸਿਸਟਮ ਹੋਵੇ ਜਿਥੇ ਵਿਅਕਤੀਆਂ, ਦੇਖ-ਭਾਲ ਕਰਨ ਵਾਲਿਆਂ ਅਤੇ ਦੂਜਿਆਂ ਤੋਂ ਜਵਾਬੀ ਵਿਚਾਰ ਦੀ ਵਰਤੋ ਹੋਵੇ ਅਤੇ ਸੇਵਾਵਾਂ ਅਤੇ ਅਭਿਆਸ ਵਿਚ ਸੁਧਾਰ ਹੋਵੇ।
2.7	ਸ੍ਰੋਤਾਂ ਜਾਂ ਓਪਰੇਸ਼ਨਲ ਮੁਸ਼ਕਲਾਂ ਨੂੰ ਰਿਪੋਰਟ ਕਰਨ ਲਈ ਇਕ ਸਿਸਟਮ ਹੋਵੇ ਜੋ ਦੇਖ-ਭਾਲ ਜਾਂ ਸਮਰਥਨ ਤੇ ਅਸਰ ਪਾ ਸਕਦਾ ਹੈ ਅਤੇ ਇਹੋ ਜਿਹੀਆਂ ਮੁਸ਼ਕਲਾਂ ਦਾ ਸੰਬੰਧਿਤ ਔਥੌਰਿਟੀਜ਼ ਨਾਲ ਕੰਮ ਕਰ ਕੇ ਹਲ ਕੀਤਾ ਜਾਵੇ ਜਿਥੇ ਜ਼ਰੂਰੀ ਹੋਵੇ।
2.8	ਇਕ ਇਹੋ ਜਿਹੀ ਸੰਸਕ੍ਰਿਤੀ ਨੂੰ ਕਾਬਿਲ ਕਰਨਾ ਜੋ ਕਰਮਚਾਰੀਆਂ ਨੂੰ ਵਿਸਲਬਲੋ ਕਰਨ ਵਿਚ ਸਮਰਥਨ ਦੇਵੇ ਜਦੋਂ ਉਹ ਮਹਿਸੂਸ ਕਰਨ ਕਿ ਕੰਮ ਕਰਨ ਦੇ ਅਭਿਆਸ ਪੱਖਪਾਤਪੂਰਣ, ਅਨੁਚਿਤ ਜਾਂ ਅਸੁਰੱਖਿਅਤ ਕਿਸੇ ਵੀ ਕਾਰਣ ਦੇ ਹਨ ਅਤੇ ਚਿੰਤਾਵਾਂ ਦਾ ਉਚਿਤ ਕਾਰਵਾਈ ਕਰ ਕੇ ਜਵਾਬ ਦੇਣਾ।
2.9	ਕਰਮਚਾਰੀਆਂ ਨੂੰ ਉਨ੍ਹਾਂ ਦੇ ਅਭਿਆਸ ਦੀ ਸੰਹਿਤਾ ਨੂੰ ਪੂਰਾ ਕਰਨ ਵਿਚ ਸਮਰਥਨ ਦੇਣਾ ਅਤੇ ਉਨ੍ਹਾਂ ਨੂੰ ਇਹੋ ਜਿਹਾ ਕੁਝ ਕਰਨ ਦੀ ਲੋੜ ਨਹੀਂ ਹੈ ਜਿਸ ਨਾਲ ਇਹ ਨਾ ਹੋਣ ਨੂੰ ਰੋਕਿਆ ਜਾਵੇ।
2.10	ਦੂਜੇ ਵਿਵਸਾਇਆਂ ਵਿਚੋਂ ਰੁਜ਼ਗਾਰ ਤੇ ਰੱਖੇ ਗਏ ਕਰਮਚਾਰੀਆਂ ਦਾ ਉਨ੍ਹਾਂ ਦੇ ਆਪਣੇ ਹੀ ਵਿਵਸਾਇਕ ਸੰਹਿਤਾਵਾਂ (ਕੋਡਜ਼) ਨੂੰ ਸਮਰਥਨ ਕਰਨਾ।
2.11	ਉਨ੍ਹਾਂ ਕਰਮਚਾਰੀਆਂ ਨੂੰ ਸੰਬੰਧਿਤ ਔਥੌਰਿਟੀ ਨੂੰ ਰਿਪੋਰਟ ਕਰਨਾ ਜਿਨ੍ਹਾਂ ਦਾ ਅਭਿਆਸ਼ ਦੇ ਸੰਬੰਧ ਵਿਚ ਖਰਾਬੀ ਹੈ।

3 ਸਿਖਲਾਈ ਅਤੇ ਵਿਕਾਸ ਦੇ ਮੌਕਿਆਂ ਨੂੰ ਪੇਸ਼ ਕਰਨਾ ਜਿਸ ਨਾਲ ਕਰਮਚਾਰੀਆਂ ਨੂੰ ਉਨ੍ਹਾਂ ਦੀਆਂ ਪ੍ਰਬਲਤਾਵਾਂ ਅਤੇ ਅਭਿਆਸ਼ ਨੂੰ ਤਾਕਤ ਦੇਣ ਅਤੇ ਕਾਇਮ ਰੱਖਿਆ ਜਾਵੇ।	
ਇਕ ਰੁਜ਼ਗਾਰ ਦੇ ਮਾਲਕ ਹੋਣ ਦੇ ਨਾਤੇ ਮੈਂ ਹੇਠ ਲਿਖੇ ਕਰਾਂਗਾ	
3.1	ਸਮਰਥਨ ਦੇਣ ਵਾਲੇ ਕਰਮਚਾਰੀਆਂ ਨੂੰ ਇਕ ਚੰਗੀ ਗੁਣਵਤਾ ਵਾਲਾ ਭਰਤੀ ਅਤੇ ਸਿਖਲਾਈ ਅਤੇ ਵਿਕਾਸ ਦੀ ਮੌਕਿਆਂ ਨੂੰ ਪੇਸ਼ ਕਰਨਾ ਜਿਸ ਨਾਲ ਉਨ੍ਹਾਂ ਦੀ ਭੂਮਿਕਾ ਨੂੰ ਜਿਨਾਂ ਹੋ ਸਕੇ ਸੁਰੱਖਿਅਤ ਅਤੇ ਅਸਰਕਾਰਕ ਢੰਗ ਨਾਲ ਪੂਰਾ ਕੀਤਾ ਜਾ ਸਕੇ।
3.2	ਕਰਮਚਾਰੀਆਂ ਨੂੰ ਅਭਿਆਸਾਂ, ਜਿਸ ਵਿਚ ਸ਼ਾਮਲ ਹੈ ਡਿਜਿਟਲ, ਨਵੀਆਂ ਅਤੇ ਬਦਲਦੀਆਂ ਭੂਮਿਕਾਵਾਂ, ਜਿੰਮੇਵਾਰੀਆਂ ਅਤੇ ਵਿਕਾਸਾਂ ਲਈ ਸਮਰਥਨ ਦੇਣਾ ਅਤੇ ਤਿਆਰਾ ਕਰਨਾ।
3.3	ਸਿਖਿਆ ਅਤੇ ਸਿਖਲਾਈ ਲਈ ਯੋਗਦਾਨ ਦੇਣਾ, ਅਸਰਕਾਰਕ ਕੰਮ ਦੇ ਸਥਾਨ ਦੀਆਂ ਪਲੇਸਮੈਂਟ, ਮੁੱਲਾਂਕਣਾਂ ਪੇਸ਼ ਕਰਨਾ ਅਤੇ ਸਿਖਲਾਈ ਦੇ ਮੌਕਿਆਂ ਦਾ ਅਭਿਆਸਾਂ ਨੂੰ ਕਰਨਾ।
3.4	ਉਨ੍ਹਾਂ ਕਰਮਚਾਰੀਆਂਅ ਨੂੰ ਸਮਰਥਨ ਦੇਣਾ ਜਿਨ੍ਹਾਂ ਨੂੰ SSSC ਨਾਲ ਰਜਿਸਟਰ ਹੋਣ ਦੀ ਲੋੜ ਹੈ ਜਿਸ ਨਾਲ ਰਜਿਸਟ੍ਰੇਸ਼ਨ ਲਈ ਉਨ੍ਹਾਂ ਦੀਆਂ ਹਾਲਤਾਂ ਨੂੰ ਜਾਰੀ ਰਹਿਣ ਵਾਲੀ ਵਿਵਸਾਇਕ ਸਿਖਲਾਈ ਅਤੇ ਵਿਕਾਸ ਲਈ ਪੂਰਾ ਅਤੇ ਕਾਇਮ ਕੀਤਾ ਜਾਵੇ।
3.5	ਇਹ ਨਿਸ਼ਚਿਤ ਕਰਨਾ ਕਿ ਸਾਰੇ ਨਵੇਂ ਯੋਗਤਾ-ਹਾਸਲ ਕਰਣ ਵਾਲੇ ਸੋਸ਼ਲ ਵਰਕਰਾਂ ਨੂੰ ਜ਼ਰੂਰੀ ਸਤਰ ਦੀ ਵਿਵਸਾਇਕ ਸਿਖਲਾਈ ਅਤੇ ਵਿਕਾਸ ਨੂੰ ਜ਼ਰੂਰੀ ਸਮਰਥਨ ਵਾਲੇ ਸਾਲ ਵਿਚ ਪੇਸ਼ ਕੀਤਾ ਜਾਵੇ ਜਿਸ ਨਾਲ ਜਾਰੀ ਰਹਿਣ ਵਾਲੀ ਵਿਵਸਾਇਕ ਸਿਖਲਾਈ ਦੀਆਂ ਜ਼ਰੂਰਤਾਂ ਨੂੰ ਪੂਰੀ ਤਰਾਂ ਪੂਰਾ ਕੀਤਾ ਜਾ ਸਕੇ।
3.6	ਕਰਮਚਾਰੀਆਂ ਨੂੰ ਉਚਿਤ ਤਰਾਂ ਨਾਲ ਜਵਾਬ ਦੇਣਾ ਜਿਨ੍ਹਾਂ ਨੂੰ ਸਮਰਥਨ ਚਾਹੀਦਾ ਹੋਵੇ ਕਿਉਂਕਿ ਉਹ ਉਨ੍ਹਾਂ ਦੇ ਕੰਮ ਨੂੰ ਕੀਤੇ ਜਾਣ ਲਈ ਆਪਣੇ ਆਪ ਨੂੰ ਕਾਬਿਲ ਨਹੀਂ ਸਮਝਦੇ ਹਨ, ਜਾਂ ਚੰਗੀ ਤਰਾਂ ਤਿਆਰ ਨਹੀਂ ਹਨ।
3.7	ਇਕ ਅਸਰਕਾਰਕ ਅਤੇ ਨਿਰੰਤਰ ਨਿਗਰਾਨੀ ਨੂੰ ਪੇਸ਼ ਕਰਨਾ ਜਿਸ ਨਾਲ ਕਰਮਚਾਰੀ ਅਭਿਆਸ ਦਾ ਸੋਚ-ਵਿਚਾਰ ਅਤੇ ਜਵਾਬੀ ਵਿਚਾਰ ਰਾਹੀਂ ਵਿਕਾਸ ਅਤੇ ਸੁਧਾਰ ਕਰ ਸਕਣਗੇ।

4 ਇਕ ਸੰਸਕ੍ਰਿਤੀ ਨੂੰ ਕਾਇਮ ਰੱਖਣਾ ਜੋ ਵਿਅਕਤੀਆਂ ਨੂੰ ਜੋਖਿਮ ਲੈਣ ਦੇ ਹੱਕਾਂ ਦਾ ਆਦਰ ਕਰਦੇ ਹੋਏ ਸੁਰੱਖਿਆ ਅਤੇ ਬਚਾਅ ਨੂੰ ਸਮਰਥਨ ਦੇਣਾ।	
ਇਕ ਰੁਜ਼ਗਾਰ ਮਾਲਕ ਹੋਣ ਦੇ ਨਾਤੇ ਮੈਂ ਹੇਠ ਲਿਖੇ ਕਰਾਂਗਾ	
4.1	ਵਿਅਕਤੀਆਂ, ਦੇਖ-ਭਾਲ ਕਰਣ ਵਾਲਿਆਂ, ਕਰਮਚਾਰੀਆਂ ਅਤੇ ਦੂਜਿਆਂ ਨੂੰ ਨੁਕਸਾਨ ਤੋਂ ਬਚਾਣ ਲਈ ਲਿਖਤੀ ਨੀਤੀਆਂ ਅਤੇ ਪੱਧਤੀਆਂ ਨੂੰ ਰਖਨਾ।
4.2	ਉਚਿਤ ਸਮੇਂ-ਕਾਲ ਵਿਚ ਸੰਬੰਧਿਤ ਔਥੋਰਿਟੀ ਨੂੰ ਖਾਸ ਕਰ ਕੇ ਸੋਸ਼ਣ ਦੇ ਇਲਜਾਮਾਂ, ਪੱਖਪਾਤ, ਨੁਕਸਾਨ, ਲਾਪਰਵਾਹੀ ਜਾਂ ਦੁਰਵਿਹਾਰ ਬਾਰੇ ਲਿਖਤ ਨੀਤੀਆਂ ਅਤੇ ਪੱਧਤੀਆਂ ਨੂੰ ਕਾਰਵਾਈ ਵਿਚ ਲਿਆਣਾ ਅਤੇ ਉਨ੍ਹਾਂ ਤੇ ਨਿਗਰਾਨੀ ਰੱਖਣੀ।
4.3	ਇਸ ਗਲ ਨੂੰ ਨਿਸ਼ਚਿਤ ਕਰਨਾ ਕਿ ਕਰਮਚਾਰੀਆਂ ਨੂੰ ਸੋਸ਼ਣ, ਪੱਖਪਾਤ ਵਿਹਾਰ, ਨੁਕਸਾਨ, ਲਾਪਰਵਾਹੀ ਅਤੇ ਦੁਰਵਿਹਾਰ ਦੀਆਂ ਨਿਸ਼ਾਨੀਆਂ ਅਤੇ ਜੋ ਕਾਰਵਾਈ ਕਰਨੀ ਹੈ ਉਸ ਬਾਰੇ ਪਤਾ ਹੋਵੇ।
4.4	ਇਹ ਨਿਸ਼ਚਿਤ ਕਰਨਾ ਕਿ ਕਰਮਚਾਰੀ ਧੌਂਸ, ਤੰਗ ਕੀਤੇ ਜਾਣ ਜਾਂ ਕਿਸੇ ਵੀ ਢੰਗ ਦੇ ਪੱਖਪਾਤ-ਪੂਰਣ ਵਿਹਾਰ ਬਾਰੇ ਸਮਝ ਰੱਖਣ ਜੋ ਸਵੀਕਾਰ ਯੋਗ ਨਹੀਂ ਹੈ ਅਤੇ ਇਹੋ ਜਿਹੇ ਵਿਹਾਰ ਨਾਲ ਨਜਿੱਠਣ ਲਈ ਕਾਰਵਾਈ ਕਰਨੀ।
4.5	ਕਿਸੇ ਵੀ ਕਰਮਚਾਰੀ ਲਈ ਪੱਧਤੀਆਂ ਰਖੀਆਂ ਗਈਆਂ ਹੋਣ ਜਿਸ ਸਾਥੀ ਕਰਮਚਾਰੀ ਦੇ ਅਭਿਆਸ ਬਾਰੇ ਫਿਟਨੈਸ ਵਿਚ ਖ਼ਰਾਬੀ ਨੂੰ ਰਿਪੋਰਟ ਕੀਤਾ ਜਾਵੇ।
4.6	ਕਿਸੇ ਵੀ ਕਰਮਚਾਰੀ ਲਈ ਪੱਧਤੀਆਂ ਰਖੀਆਂ ਹੋਣ ਨਾਲ ਅਭਿਆਸ ਕਰਦੇ ਹੋਏ ਕਿਸੇ ਨੂੰ ਨੁਕਸਾਨ ਹੋਇਆ ਹੋਵੇ ਜਾਂ ਕੁਝ ਗਵਾਂ ਦਿੱਤਾ ਹੋਵੇ।
4.7	ਕਰਮਚਾਰੀਆਂ ਤੋਂ ਰਿਪੋਰਟਾਂ ਅਤੇ ਇਲਜਾਮਾਂ ਨੂੰ ਛੇਤੀ, ਅਸਰਕਾਰਕ ਅਤੇ ਖੁਲ੍ਹੇ ਢੰਗ ਨਾਲ ਨਜਿੱਠਣਾ।
4.8	ਇਕ ਇਹੋ ਜਿਹੀ ਸੰਸਕ੍ਰਿਤੀ ਨੂੰ ਉਜਾਗਰ ਕਰਨਾ ਜੋ ਹਰ ਕਿਸੇ ਦੀ ਸੁਰੱਖਿਆ ਦੀ ਕਦਰ ਕਰੇ ਅਤੇ ਜਿਥੇ ਹਿੰਸਾ, ਧਮਕੀਆਂ ਅਤੇ ਦੁਰਵਿਹਾਰ ਨੂੰ ਸਵੀਕਾਰ ਨਹੀਂ ਕੀਤਾ ਜਾਵੇ। ਇਹੋ ਜਿਹੀਆਂ ਘਟਨਾਵਾਂ ਨੂੰ ਵਿਚ ਕਮੀ ਕਰਨ ਲਈ ਨੀਤੀਆਂ ਅਤੇ ਪੱਧਤੀਆਂ ਨੂੰ ਰੱਖਣਾ।
4.9	ਕਈ ਤਰਾਂ ਦੇ ਅਸਰਾਂ ਬਾਰੇ ਜਾਗਰੂਕ ਰਹਿਣਾ ਜਿਥੇ ਸਦਮਾ ਕਰਮਚਾਰੀਆਂ ਤੇ ਅਸਰ ਪਾਂਦਾ ਹੋਵੇ, ਅਤੇ ਉਨ੍ਹਾਂ ਕਰਮਚਾਰੀਆਂ ਨੂੰ ਸਮਰਥਨ ਦੇਣਾ ਜੋ ਇਸਦਾ ਤਜਰਬਾ ਕਰਦੇ ਹੋਣ।
4.10	ਬੁਰੇ ਵਿਹਾਰ ਦਾ ਕਰਮਚਾਰੀਆਂ ਤੇ ਅਸਰ ਬਾਰੇ ਪਤਾ ਹੋਵੇ। ਉਨ੍ਹਾਂ ਕਰਮਚਾਰੀਆਂ ਨੂੰ ਸਮਰਥਨ ਦੇਣਾ ਜਿਹੜੇ ਇਹੋ ਜਿਹੇ ਵਿਹਾਰ ਦਾ ਤਜਰਬਾ ਕਰਦੇ ਹੋਣ।
4.11	ਉਨ੍ਹਾਂ ਨੀਤੀਆਂ ਅਤੇ ਪੱਧਤੀਆਂ ਨੂੰ ਰੱਖਣਾ ਜਿਹੜੀਆਂ ਕਰਮਚਾਰੀਆਂ ਦੀਆਂ ਸਿਹਤ, ਸੁਰੱਖਿਆ, ਕਲਿਆਣ ਅਤੇ ਬਰਾਬਰੀ ਨੂੰ ਉਜਾਗਰ ਕਰਣ ਅਤੇ ਸ਼ਮੁਲਿਅਤ ਅਤੇ ਭਿੰਨਤਾ ਦਾ ਆਦਰ ਕਰਨ।

4.12	ਉਨ੍ਹਾਂ ਕਰਮਚਾਰੀਆਂ ਨੂੰ ਸਮਰਥਨ ਦੇਣਾ ਜਿਨ੍ਹਾਂ ਦਾ ਅਭਿਆਸ ਲਈ ਫਿਟਨੈਸ ਵਿਚ ਖ਼ਰਾਬੀ ਹੋ ਸਕਦੀ ਹੋਵੇ ਅਤੇ ਉਨ੍ਹਾਂ ਦੇ ਕੰਮ ਦੇ ਪ੍ਰਤਿ ਕੋਈ ਵੀ ਪਾਬੰਦੀਆਂ ਬਾਰੇ ਮਾਰਗ-ਦਰਸ਼ਨ ਨੂੰ ਸਾਫ਼ ਤੌਰ ਤੇ ਪੇਸ਼ ਕਰਨਾ।
4.13	ਸੰਬੰਧਿਤ ਔਥੌਰਿਟੀਆਂ ਨੂੰ ਰਿਪੋਰਟ ਕਰਨੀ ਜਿਥੇ ਕਿਸੇ ਅਭਿਆਸ ਨੇ ਨੁਕਸਾਨ ਕੀਤਾ ਹੋਵੇ।
4.14	ਖ਼ਤਰੇ ਬਾਰੇ ਨੀਤੀਆਂ ਅਤੇ ਪੱਧਤੀਆਂ ਨੂੰ ਤਿਆਰ ਰੱਖਣਾ।

5 ਅਭਿਆਸ ਦੀ ਸੰਹਿਤਾ ਨੂੰ ਸੋਸ਼ਲ ਸਰਵਿਸ ਦੇ ਰੁਜ਼ਗਾਰ ਮਾਲਕਾਂ ਅਤੇ ਸੋਸ਼ਲ ਸਰਵਿਸ ਕਰਮਚਾਰੀਆਂ ਤੋਂ ਲੈ ਕੇ ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਲਈ ਪ੍ਰਕਾਸ਼ਿਤ ਅਤੇ ਉਜਾਗਰ ਕਰਨਾ ਅਤੇ SSSC ਦੀਆਂ ਕਾਰਵਾਈਆਂ ਨਾਲ ਸਹਿਯੋਗ ਕਰਨਾ।	
ਇਕ ਰੁਜ਼ਗਾਰ ਮਾਲਕ ਦੇ ਤੌਰ ਤੇ ਮੈਂ ਹੇਠ ਲਿਖੇ ਕਰਾਂਗਾ	
5.1	ਸੋਸ਼ਲ ਸਰਵਿਸ ਦੇ ਰੁਜ਼ਗਾਰ ਮਾਲਕਾਂ ਲਈ ਅਭਿਆਸ ਸੰਹਿਤਾ ਤੇ ਚਲੋ ਅਤੇ ਕਰਮਚਾਰੀਆਂ ਨੂੰ ਮੇਰੀਆਂ ਜਿੰਮੇਵਾਰੀ ਬਾਰੇ ਦੱਸੋ ਜਿਸ ਤੇ ਤੁਹਾਨੂੰ ਅਮਲ ਕਰਨਾ ਹੈ।
5.2	ਸੋਸ਼ਲ ਸਰਵਿਸ ਦੇ ਕਰਮਚਾਰੀਆਂ ਲਈ ਅਭਿਆਸ਼ ਸੰਹਿਤਾ ਬਾਰੇ ਕਰਮਚਾਰੀਆਂ ਨੂੰ ਜਾਣਕਾਰੀ ਦਵੋ ਅਤੇ ਉਨ੍ਹਾਂ ਦੀਆਂ ਜਿੰਮੇਵਾਰੀਆਂ ਨੂੰ ਸਮਝਣ ਲਈ ਉਨ੍ਹਾਂ ਨਾਲ ਕੰਮ ਕਰਨਾ ਜਿਸ ਤੇ ਅਮਲ ਕੀਤਾ ਜਾ ਸਕੇ।
5.3	ਅਭਿਆਸ ਸੰਹਿਤਾ ਅਤੇ ਦੂਜੀਆਂ ਰੂਪ-ਰੇਖਾਵਾਂ ਅਤੇ ਮਿਆਰਾਂ ਦੇ ਵਿਚਕਾਰ ਮਹੱਤਵਤਾ ਅਤੇ ਜੋੜ ਨੂੰ ਉਜਾਗਰ ਕਰਨਾ।
5.4	ਸੋਸ਼ਲ ਸਰਵਿਸ ਕਰਮਚਾਰੀਆਂ ਅਤੇ ਰੁਜ਼ਗਾਰ ਦੇ ਮਾਲਕਾਂ ਲਈ ਅਭਿਆਸ ਸੰਹਿਤਾਵਾਂ ਬਾਰੇ ਵਿਅਕਤੀਆਂ ਨੂੰ ਜਾਣਕਾਰੀ ਦੇਣੀ ਅਤੇ ਸੰਹਿਤਾਵਾਂ ਬਾਰੇ ਵਿਸ਼ਿਆਂ ਨੂੰ ਕਿਵੇਂ ਉਜਾਗਰ ਕਰਨਾ ਇਸ ਬਾਰੇ ਵੇਰਵੇ ਪੇਸ਼ ਕਰਨਾ।
5.5	ਸੋਸ਼ਲ ਸਰਵਿਸ ਦੇ ਕਰਮਚਾਰੀਆਂ ਲਈ ਅਭਿਆਸ ਸੰਹਿਤਾ ਨੂੰ ਵਿਚਾਰ ਵਿਚ ਲਿਆਣਾ ਜਦੋਂ ਕ੍ਰਮਚਾਰੀਆਂ ਦੇ ਅਭਿਆਸ ਕਰਨ ਲਈ ਫਿਟਨੇਸ ਦੇ ਸੰਬੰਧ ਵਿਚ ਕੋਈ ਵੀ ਫੈਸਲਾ ਲਿੱਤਾ ਜਾਵੇ।
5.6	ਕਿਸੇ ਕਰਮਚਾਰੀ ਦੇ ਅਭਿਆਸ ਕਰਨ ਵਿਚ ਫਿਟਨੇਸ ਦੀ ਖ਼ਰਾਬੀ ਆ ਸਕਦੀ ਹੋਵੇ ਉਸ ਬਾਰੇ SSSC ਨੂੰ ਹਵਾਲਾ ਦੇਣ ਵੇਲੇ ਮਾਰਗ-ਦਰਸ਼ਨ ਤੇ ਚੱਲੋ। ਜੇਕਰ ਉਚਿਤ ਹੋਵੇ, ਕਰਮਚਾਰੀ ਨੂੰ ਦੱਸੋ ਕਿ ਤੁਸੀਂ ਹਵਾਲਾ ਬਣਾ ਲਿੱਤਾ ਹੈ।
5.7	SSSC ਦੀਆਂ ਅਤੇ ਦੂਜੀਆਂ ਔਥੌਰਿਟੀਜ਼ ਨਾਲ ਜਾਂਚਾਂ ਵਿਚ ਛੇਤੀ ਨਾਲ ਸਹਿਯੋਗ ਕਰੋ, ਜਿਸ ਵਿਚ ਦਸਤਾਵੇਜਾਂ ਨੂੰ ਪੇਸ਼ ਕਰਨਾ, ਸੁਣਵਾਈਆਂ ਤੇ ਹਾਜ਼ਰ ਹੋਣਾ ਅਤੇ ਭਾਲ ਅਤੇ ਫੈਸਲਿਆਂ ਤੇ ਜਵਾਬ ਦੇਣਾ।
5.8	SSSC ਦੀਆਂ ਅਤੇ ਦੂਜੀਆਂ ਔਥੌਰਿਟੀਜ਼ ਨਾਲ ਜਾਂਚਾਂ ਵਿਚ ਕਰਮਚਾਰੀਆਂ ਨੂੰ ਸਹਿਯੋਗ ਕਰਨ ਵਿਚ ਸਮਰਥਨ ਦੇਣਾ।
5.9	ਕਿਸੇ ਵੀ ਕਰਮਚਾਰੀ ਦੇ ਅਭਿਆਸ ਸੰਬੰਧ ਵਿਚ ਫਿਟਨੇਸ ਬਾਰੇ SSSC ਦੀਆਂ ਕਿਸੇ ਵੀ ਖੋਜ ਤੇ ਉਚਿਤ ਕਾਰਵਾਈ ਕਰਨੀ, ਜਿਸ ਵਿਚ ਉਨ੍ਹਾਂ ਦੀ ਹਾਲਤ ਬਾਰੇ ਰਜਿਸਟ੍ਰੇਸ਼ਨ ਲਈ ਕਰਮਚਾਰੀ ਨੂੰ ਸਮਰਥਨ ਦੇਣਾ ਸ਼ਾਮਲ ਹੈ।
5.10	ਮਿਆਰ ਵਾਲੀਆਂ ਦੂਜੀਆਂ ਸੰਸਥਾਵਾਂ ਦੀਆਂ ਖੋਜਾਂ ਤੇ ਉਚਿਤ ਕਾਰਵਾਈ ਕਰਨੀ ਜਿਸ ਨਾਲ ਸੇਵਾ ਵਿਚ ਸੁਧਾਰ ਹੋ ਸਕੇ ਜੋ ਵਿਅਕਤੀਆਂ ਅਤੇ ਦੇਖ-ਭਾਲ ਕਰਨ ਵਾਲਿਆਂ ਨੂੰ ਪੇਸ਼ ਕੀਤੀ ਜਾਂਦੀ ਹੈ।

ਇਹ ਸੰਹਿਤਾਵਾਂ 1 ਮਈ 2024 ਤੋਂ ਲਾਗੂ ਹੋਣਗੀਆਂ ਅਤੇ ਸਾਰੇ ਪਹਿਲਾਂ ਦੇ ਸੰਕਲਨ ਦੀ ਥਾਂ ਦੇ ਹੋਣਗੀਆਂ।

ਰੈਗੁਲੇਸ਼ਨ ਆਵ ਕੇਅਰ (ਸਕਾਟਲੈਂਡ) ਐਕਟ 2001 ਲਈ ਸੈਕਸ਼ਨ 53 ਦੇ ਅਧੀਨ ਜਾਰੀ ਕੀਤਾ ਗਿਆ ਹੈ।

ਸੰਹਿਤਾਵਾਂ ਅਭਿਆਸ, ਆਚਰਣ ਅਤੇ ਵਿਹਾਰ ਦੀਆਂ ਮਿਸਾਲਾਂ ਦਿੰਦੇ ਹਨ, ਪਰ ਉਸ ਕਿਸੇ ਵੀ ਮੁਮਕਿਨ ਕਿਸਮ ਨੂੰ ਸ਼ਾਮਲ ਨਹੀਂ ਕਰੇਗਾ ਜੋ ਤੁਸੀਂ ਦੇਖੀ ਹੋਵੇ।

Scottish Social Services Council
Compass House
11 Riverside Drive
Dundee
DD1 4NY

ਟੈਲੀਫੋਨ ਨੰ.: 0345 60 30891
ਈਮੇਲ: enquiries@sssc.uk.com
Web: www.sssc.uk.com

ਜੇਕਰ ਇਹ ਦਸਤਾਵੇਜ਼ ਤੁਹਾਨੂੰ ਕਿਸੇ ਦੂਜੇ ਆਕਾਰ ਵਿਚ ਚਾਹੀਦੀ ਹੋਵੇ, ਤਾਂ SSSC ਨੂੰ ਕਿਰਪਾ ਕਰ ਕੇ ਇਸ ਨੰਬਰ ਤੇ ਸੰਪਰਕ ਕਰੋ
0345 60 30891

© ਸਕਾਟਿਸ਼ ਸੋਸ਼ਲ ਸਰਵਿਸੀਜ਼ ਕਾਊਂਸਲ 2024